# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 11-08-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਭਾਰਤੀ ਖੇਤੀ ਖੋਜ ਸੰਸਥਾਨ ਨਵੀਂ ਦਿੱਲੀ ਵਿਖੇ, 109 ਉੱਚ-ਉਪਜ ਵਾਲੀਆਂ, ਜਲਵਾਯੂ ਅਨੁਕੂਲ ਅਤੇ ਜੈਵ-ਸਸ਼ਕਤ ਫਸਲਾਂ ਦੀਆਂ ਕਿਸਮਾਂ ਜਾਰੀ ਕੀਤੀਆਂ । ਪ੍ਰਧਾਨ ਮੰਤਰੀ ਨੇ 61 ਫਸਲਾਂ ਦੀਆਂ 109 ਕਿਸਮਾਂ ਜਾਰੀ ਕੀਤੀਆਂ, ਜਿਸ ਵਿੱਚ 34 ਖੇਤ ਫਸਲਾਂ ਅਤੇ 27 ਬਾਗਬਾਨੀ ਫਸਲਾਂ ਸ਼ਾਮਲ ਨੇ । ਖੇਤਾਂ ਦੀਆਂ ਫਸਲਾਂ ਵਿੱਚ, ਬਾਜਰਾ, ਚਾਰੇ ਦੀਆਂ ਫਸਲਾਂ, ਤੇਲ ਬੀਜ, ਦਾਲ, ਗੰਨਾ, ਕਪਾਹ, ਫਾਈਬਰ ਅਤੇ ਹੋਰ ਸੰਭਾਵੀ ਫਸਲਾਂ ਸਮੇਤ ਵੱਖ-ਵੱਖ ਅਨਾਜਾਂ ਦੇ ਬੀਜ ਜਾਰੀ ਕੀਤੇ ਗਏ ਨੇ । ਬਾਗਬਾਨੀ ਫਸਲਾਂ ਵਿੱਚ ਫਲਾਂ, ਸਬਜ਼ੀਆਂ, ਬਾਗਾਨ ਫਸਲਾਂ, ਕੰਦ ਫਸਲਾਂ, ਮਸਾਲੇ, ਫੁੱਲਾਂ ਅਤੇ ਔਸ਼ਧੀ ਫਸਲਾਂ ਦੀਆਂ ਵੱਖ-ਵੱਖ ਕਿਸਮਾਂ ਜਾਰੀ ਕੀਤੀਆਂ ਗਈਆਂ ਨੇ ।

---------------------------------------------------

ਪੰਜਾਬ ਵਿੱਚ ਰਾਸ਼ਟਰੀ ਸ਼ਾਹਰਾਹ ਅਥਾਰਟੀ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ ਨਾਲ ਹੋ ਰਹੀਆਂ ਕੁੱਟਮਾਰ ਦੀਆਂ ਘਟਨਾਵਾਂ ਦਾ ਨੋਟਿਸ ਲੈਂਦਿਆਂ, ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਜਾਰੀ ਕੀਤੀ ਏ। ਸੂਬਾ ਸਰਕਾਰ ਨੂੰ ਪੱਤਰ ਲਿਖ ਕੇ ਉਨਾਂ ਸ਼ਾਹਰਾਹ ਅਥਾਰਟੀ ਅਧਿਕਾਰੀਆਂ ਅਤੇ ਠੇਕੇਦਾਰਾਂ ਦੀ ਸੁਰੱਖਿਆ ਲਈ, ਸਰਕਾਰ ਨੂੰ ਕਦਮ ਚੁੱਕਣ ਲਈ ਕਿਹਾ ਏ। ਕੇਂਦਰੀ ਮੰਤਰੀ ਨੇ ਕਿਹਾ ਕਿ ਜੇਕਰ ਅਜਿਹਾ ਹੀ ਜਾਰੀ ਰਿਹਾ, ਤਾਂ 14 ਹਜ਼ਾਰ 288 ਕਰੋੜ ਰੁਪਏ ਦਾ 293 ਕਿਲੋਮੀਟਰ ਦਾ ਪ੍ਰਾਜੈਕਟ ਬੰਦ ਹੋ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿੱਚ, ਕੇਂਦਰੀ ਮੰਤਰੀ ਨੇ ਕਿਹਾ ਏ, ਕਿ ਉਨ੍ਹਾਂ ਨੂੰ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸ-ਵੇਅ ਪ੍ਰਾਜੈਕਟ ਬਾਰੇ ਹਾਲ ਹੀ ਵਿੱਚ ਵਾਪਰੀਆਂ ਦੋ ਘਟਨਾਵਾਂ ਬਾਰੇ ਪਤਾ ਲੱਗਾ ਏ। ਜਲੰਧਰ ਜ਼ਿਲ੍ਹੇ 'ਚ, ਇਕ ਠੇਕੇਦਾਰ ਦੇ ਇੰਜੀਨੀਅਰ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ, ਜਿਸ ਦੀ ਤਸਵੀਰ ਵੀ ਉਨਾਂ ਨਾਲ ਭੇਜੀ ਏ। ਹਾਲਾਂਕਿ ਇਸ ਘਟਨਾ ਦੇ ਸਬੰਧ ਵਿੱਚ ਐਫ.ਆਈ.ਆਰ ਵੀ ਦਰਜ ਕੀਤੀ ਗਈ ਏ, ਪਰ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਕੀਤੀ ਗਈ ਏ। ਇਸ ਸਮੇਂ ਸਖ਼ਤ ਕਾਰਵਾਈ ਦੀ ਜਰੂਰਤ ਏ। ਦੂਜੀ ਘਟਨਾ ਲੁਧਿਆਣਾ ਜ਼ਿਲ੍ਹੇ ਵਿੱਚ ਸਾਹਮਣੇ ਆਈ ਏ। ਜਿਸ 'ਚ ਕੁਝ ਵਿਅਕਤੀਆਂ ਨੇ ਠੇਕੇਦਾਰ ਦੇ

ਕੈਂਪ 'ਤੇ ਹਮਲਾ ਕਰ ਦਿੱਤਾ। ਇਨ੍ਹਾਂ ਲੋਕਾਂ ਨੇ ਪ੍ਰੋਜੈਕਟ ਕੈਂਪ ਵਿੱਚ ਇੰਜੀਨੀਅਰਾਂ ਅਤੇ ਕਰਮਚਾਰੀਆਂ ਨੂੰ ਜ਼ਿੰਦਾ ਸਾੜਨ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ’ਚ ਲਿਖਤੀ ਸ਼ਿਕਾਇਤ ਦੇ ਬਾਵਜੂਦ ਅਜੇ ਤੱਕ ਮਾਮਲਾ ਦਰਜ ਨਹੀਂ ਕੀਤਾ ਗਿਆ ਏ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਏ, ਕਿ ਸੂਬਾ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਹੋਰ ਵਾਪਰਨ ਤੋਂ ਰੋਕਣ ਅਤੇ ਸ਼ਾਹਰਾਹ ਅਥਾਰਟੀ ਦੇ ਅਧਿਕਾਰੀਆਂ ਦਾ ਭਰੋਸਾ ਬਹਾਲ ਕਰਨ ਲਈ, ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਤੁਰੰਤ ਕਾਰਵਾਈ ਕਰੇ।

---------------------------------------------------------

ਸਪਤ ਸ਼ਕਤੀ ਕਮਾਂਡ ਦੇ ਜਨਰਲ ਅਫਸਰ, ਕਮਾਂਡਿੰਗ-ਇਨ-ਚੀਫ, ਲੈਫਟੀਨੈਂਟ ਜਨਰਲ, ਮਨਜਿੰਦਰ ਸਿੰਘ ਨੇ ਬੀਤੇ ਦਿਨ ਬਠਿੰਡਾ ਫੌਜੀ ਛਾਉਣੀ ਦਾ ਦੌਰਾ ਕੀਤਾ। ਉਨ੍ਹਾਂ ਨੂੰ ਚੇਤਕ ਕੋਰ ਦੀਆਂ ਸੰਚਾਲਨ ਤਿਆਰੀਆਂ, ਸਿਖਲਾਈ ਗਤੀਵਿਧੀਆਂ, ਸੰਚਾਲਨ ਲੌਜਿਸਟਿਕਸ ਅਤੇ ਪ੍ਰਸ਼ਾਸਨਿਕ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਗਈ। ਆਰਮੀ ਕਮਾਂਡਰ ਨੇ ਫੌਜੀ ਛਾਉਣੀ ਵਿੱਚ ਫਾਰਮੇਸ਼ਨਾਂ ਅਤੇ ਸਿਖਲਾਈ ਸਹੂਲਤਾਂ ਦਾ ਦੌਰਾ ਕੀਤਾ ਅਤੇ ਸਾਰੇ ਰੈਂਕਾਂ ਦੀ ਉੱਚ ਪ੍ਰਤੀਬੱਧਤਾ ਅਤੇ ਪੇਸ਼ੇਵਰਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਅਤਿ-ਆਧੁਨਿਕ ਤਕਨੀਕਾਂ ਨਾਲ ਯੂਨਿਟਾਂ ਨੂੰ

ਸਸ਼ਕਤ ਬਣਾਉਣ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਕਾਰਜ-ਮੁਖੀ ਅਤੇ ਯਥਾਰਥਵਾਦੀ ਸਿਖਲਾਈ ਅਤੇ ਪ੍ਰਮਾਣਿਕਤਾ ਦੀ ਜਰੂਰਤ 'ਤੇ ਜ਼ੋਰ ਦਿੱਤਾ । ਭਾਰਤੀ ਫੌਜ ਦੀ 'ਯੀਅਰ ਆਫ ਟੈਕ ਐਬਜ਼ੌਰਪਸ਼ਨ' ਪਹਿਲਕਦਮੀ ਦੇ ਹਿੱਸੇ ਵਜੋਂ, ਟੈਕਨਾਲੋਜੀ ਨੂੰ ਸਮਾਉਣ ਲਈ ਵੱਖ-ਵੱਖ ਰੂਪਾਂ ਵਲੋਂ ਕੀਤੇ ਜਾ ਰਹੇ ਯਤਨਾਂ ਨੂੰ ਵੀ ਪ੍ਰਦਰਸ਼ਿਤ ਕੀਤਾ ਗਿਆ। ਪਹਿਲ-ਕਦਮੀਆਂ ਦੀ ਸ਼ਲਾਘਾ ਕਰਦੇ ਹੋਏ, ਲੈਫਟੀਨੈਂਟ ਜਨਰਲ ਮਨਜਿੰਦਰ ਸਿੰਘ ਨੇ ਸਵੈ-ਨਿਰਭਰਤਾ ਦੇ ਮਹੱਤਵ ਅਤੇ 'ਆਤਮਨਿਰਭਰ ਭਾਰਤ' ਦੇ ਰਾਸ਼ਟਰੀ ਵਿਜ਼ਨ ਦੀ ਸਹੂਲਤ ਲਈ ਹੋਰ ਯਤਨ ਕਰਨ ਦੀ ਜ਼ਰੂਰਤ 'ਤੇ ਚਾਨਣਾ ਪਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਰੇ ਰੈਂਕਾਂ ਨੂੰ, ਆਪਣੇ ਆਪ ਨੂੰ ਨਵੇਂ ਰੁਝਾਨਾਂ ਅਤੇ ਤਕਨੀਕੀ ਉੱਨਤੀ, ਉੱਭਰ ਰਹੇ ਸਾਈਬਰ ਖਤਰਿਆਂ ਨਾਲ ਅਪਡੇਟ ਰੱਖਣਾ ਚਾਹੀਦਾ ਏ ਅਤੇ ਕਿਸੇ ਵੀ ਖਤਰੇ, ਔਨਲਾਈਨ ਜਾਂ ਔਫਲਾਈਨ ਲਈ ਪਹਿਲੇ ਜਿੰਮੇਦਾਰੀ ਨਾਲ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਏ । ਲੈਫਟੀਨੈਂਟ ਜਨਰਲ ਮਨਜਿੰਦਰ ਸਿੰਘ ਨੇ, ਕੋਰ ਦੀ ਲੜਾਕੂ ਤਿਆਰੀ ਦੇ ਉੱਚ ਮਾਪਦੰਡਾਂ ਦੀ ਸ਼ਲਾਘਾ ਕੀਤੀ ਅਤੇ ਸਾਰੇ ਰੈਂਕਾਂ ਨੂੰ ਉੱਤਮਤਾ ਲਈ ਯਤਨ ਜਾਰੀ ਰੱਖਣ ਅਤੇ ਆਧੁਨਿਕ ਯੁੱਧ ਦੀਆਂ ਚੁਣੌਤੀਆਂ ਦਾ ਕੁਸ਼ਲਤਾ ਨਾਲ ਸਾਹਮਣਾ ਕਰਨ ਲਈ ਤਿਆਰ ਰਹਿਣ ਲਈ ਕਿਹਾ।

---------------------------------------------------

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵਲੋਂ, ਅਜਾਦ ਯੂਥ ਕਲੱਬ ਪਿੰਡ ਖਾਨਪੁਰ ਭੋਗਲਾ ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਖਾਨਪੁਰ ਭੋਗਲਾ ਵਿਖੇ, ਵਣ ਮਹਾ ਉਤਸਵ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ। ਬਸੰਤ ਰਿਤੂ ਯੂਥ ਕਲੱਬ ਦੇ ਪ੍ਰਧਾਨ ਆਕਰਸ਼ ਸ਼ਰਮਾ ਨੇ, ਕਿਹਾ ਕਿ ਕਲੱਬ ਵੱਲੋਂ 'ਪਿੰਡ-ਪਿੰਡ, ਸ਼ਹਿਰ-ਸ਼ਹਿਰ, ਆਓ ਮਿਲਕੇ ਬੂਟੇ  ਲਾਈਏ ਤਾਂ ਜੋ ਵਾਤਾਵਰਨ ਨੂੰ ਬਚਾ ਸਕੀਏ' ਦੀ ਮੁਹਿੰਮ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਸਮੂਹ ਅਧਿਆਪਕਾਂ ਅਤੇ ਵਿਦਿਆਥੀਆਂ ਨੇ ਨਿੰਮ ਦਾ ਬੂਟੇ ਲਗਾ ਕੇ. ਵਣ ਮਹਾ ਉਤਸਵ ਮਨਾਇਆ ਅਤੇ 100 ਛਾਂਦਾਰ ਬੂਟੇ ਵੀ ਲਗਾਏ ਗਏ। ਇਸ ਮੌਕੇ ਮੁਖ ਮਹਿਮਾਨ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਦੋਵੇਂ ਕਲੱਬ ਮਿਲਕੇ ਰਾਜਪੁਰਾ ਬਲਾਕ ਦੇ ਕਈ ਪਿੰਡਾਂ ਵਿੱਚ ਸਰਕਾਰੀ ਸਕੂਲਾਂ, ਸਾਂਝੀਆਂ ਥਾਵਾਂ ਤੇ ਛਾਂਦਾਰ ਬੂਟੇ ਲਗਾ ਕੇ. ਲੋਕਾਂ ਨੂੰ ਵਧੇਰੇ ਬੂਟੇ ਲਗਾਉਣ ਲਈ ਪ੍ਰੇਰਿਤ ਕਰ ਰਹੇ ਨੇ, ਜਿਹੜਾ ਸ਼ਲਾਘਾਯੋਗ ਏ। ਬਸੰਤ ਰਿਤੂ ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਨੇ ਕਿਹਾ. ਕਿ ਵਾਤਾਵਰਨ ਵਿੱਚ ਬੜੀ ਭਾਰੀ ਤਬਦੀਲੀ ਹੋ ਰਹੀ ਏ. ਜਿਹੜੀ ਸਮੂਹ ਮਨੁੱਖਤਾ ਤੇ ਪ੍ਰਕਿਰਤੀ ਲਈ ਖਤਰੇ ਦੀ ਘੰਟੀ ਏ। ਇਸ ਲਈ ਸਾਨੂੰ ਸਾਰਿਆਂ ਨੂੰ

ਮਿਲਕੇ ਵਧੇਰੇ ਬੂਟੇ ਲਗਾਉਣ ਦਾ ਹੰਭਲਾ ਮਾਰਨਾ ਚਾਹੀਦਾ ਏ. ਅਤੇ ਬੂਟੇ ਲਗਾਉਣ ਨਾਲ ਸਾਡੀ ਜਿੰਮੇਵਾਰੀ ਖਤਮ ਨਹੀਂ ਹੁੰਦੀ. ਸਗੋਂ ਲਗਾਏ ਹੋਏ ਬੂਟਿਆਂ ਨੂੰ ਸਿੰਚਣ ਦੀ ਵੀ ਸਾਡੀ ਜਿੰਮੇਵਾਰੀ ਬਣਦੀ ਏ।

-----------------------------------------------------

ਪੰਜਾਬ ਦੇ ਜਲੰਧਰ, ਪਠਾਨਕੋਟ, ਹੁਸ਼ਿਆਰਪੁਰ, ਮੋਹਾਲੀ, ਅਤੇ ਪਟਿਆਲ਼ਾ ਜਿਲ੍ਹਿਆਂ ‘ਚ ਸਵੇਰੇ ਪਏ ਭਾਰੀ ਮੀਂਹ ਨਾਲ ਲੋਕਾਂ ਨੂੰ ਹੁੰਮਸ ਭਰੀ ਗਰਮੀ ਤੋਂ ਰਾਹਤ ਮਿਲੀ ਏ, ਅਤੇ ਮੌਸਮ ਬਹੁਤ ਸੁਹਾਵਣਾ ਹੋ ਗਿਆ ਏ। ਕਈ ਥਾਈਂ ਅਜੇ ਵੀ ਹਲਕੀ ਬਾਰਿਸ਼ ਹੋ ਰਹੀ ਏ ਤੇ ਬੱਦਲਵਾਈ ਵੀ ਬਣੀ ਹੋਈ ਏ। ਕਈ ਜ਼ਿਲਿਆਂ ਵਿਚ ਮੀਂਹ ਕਾਰਨ ਬਿਜਲੀ ਵੀ ਗ਼ੁਲ ਰਹੀ। ਮੌਸਮ ਵਿਭਾਗ ਨੇ ਭਾਰੀ ਮੀਂਹ ਪੈਣ ਦੀ ਸੰਭਾਵਨਾ ਸੰਬੰਧੀ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਰੂਪਨਗਰ ਜ਼ਿਲਿਆਂ ਵਿੱਚ ਯੈਲੋ ਅਲਰਟ ਜਾਰੀ ਕੀਤਾ ਹੋਇਆ ਏ। ਇਸ ਤੋਂ ਬਾਅਦ ਅਗਲੇ 4 ਦਿਨਾਂ ਤੱਕ ਸੂਬੇ ਵਿੱਚ ਮੌਸਮ ਦੇ ਆਮ ਤੌਰ ਤੇ, ਸਾਫ ਬਣੇ ਰਹਿਣ ਦੀ ਸੰਭਾਵਨਾ ਹੀ ਦੱਸੀ ਜਾ ਰਹੀ ਏ।